# 2022-23 ਹਾੜ੍ਹੀ ਮੰਡੀਕਰਨ ਮੌਸਮ ਦੌਰਾਨ ਭਾਰਤ ਵਿੱਚ ਛੋਲਿਆਂ ਦੀ ਸਰਕਾਰੀ ਖ਼ਰੀਦ ਵਿੱਚ ਚਾਰ ਗੁਣਾ ਉਛਾਲ

2022-23 ਹਾੜ੍ਹੀ ਮੰਡੀਕਰਨ ਮੌਸਮ ਦੌਰਾਨ ਭਾਰਤ ਵਿੱਚ ਸਰਕਾਰੀ ਏਜੰਸੀਆਂ ਵੱਲੋਂ ਛੋਲਿਆਂ ਦੀ ਖ਼ਰੀਦ ਵਿੱਚ ਚਾਰ ਗੁਣਾ ਉਛਾਲ ਆਇਆ ਹੈ। ਖੇਤੀਬਾੜੀ ਲਾਗਤ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਨੇ ਦੱਸਿਆ ਹੈ ਕਿ ਭਾਰਤੀ ਕੌਮੀ ਖੇਤੀਬਾੜੀ ਸਹਿਕਾਰੀ ਮੰਡੀਕਰਨ ਫੈਡਰੇਸ਼ਨ ਲਿਮਿਟੇਡ (ਨੈਫੇਡ) ਦੇ ਅੰਕੜਿਆਂ ਮੁਤਾਬਿਕ, 2021-22 ਹਾੜ੍ਹੀ ਮੰਡੀਕਰਨ ਮੌਸਮ ਦੌਰਾਨ 6.31 ਲੱਖ ਮੀਟ੍ਰਿਕ ਟਨ ਦੇ ਮੁਕਾਬਲੇ, 2022-23 ਹਾੜ੍ਹੀ ਮੰਡੀਕਰਨ ਮੌਸਮ ਵਿੱਚ 30 ਜੂਨ, 2022 ਤੱਕ ਕੁੱਲ 25.54 ਲੱਖ ਮੀਟ੍ਰਿਕ ਟਨ ਦੀ ਸਰਕਾਰੀ ਖ਼ਰੀਦ ਕੀਤੀ ਗਈ ਹੈ।

ਸੀ ਏ ਸੀ ਪੀ ਨੇ ਆਪਣੀ 'ਹਾੜ੍ਹੀ ਦੀਆਂ ਫ਼ਸਲਾਂ ਦੀ ਮੁੱਲ ਨੀਤੀ: 2023-24 ਮੰਡੀਕਰਨ ਮੌਸਮ' ਵਿੱਚ ਦੱਸਿਆ ਹੈ ਕਿ 2021-22 ਹਾੜ੍ਹੀ ਮੰਡੀਕਰਨ ਮੌਸਮ ਵਿੱਚ ਛੋਲਿਆਂ ਦੀ ਕੁੱਲ ਸਰਕਾਰੀ ਖ਼ਰੀਦ ਪੈਦਾਵਾਰ ਦਾ 5.7% ਸੀ। 2022-23 ਹਾੜ੍ਹੀ ਮੰਡੀਕਰਨ ਮੌਸਮ ਵਿੱਚ ਛੋਲਿਆਂ ਦੀ ਸਰਕਾਰੀ ਖ਼ਰੀਦ ਕੁੱਲ ਪੈਦਾਵਾਰ ਦਾ ਕਰੀਬ 19.3% ਹੋ ਗਈ ਹੈ।

ਪਿਛਲੇ ਸਾਲ ਦੇ ਮੁਕਾਬਲੇ, 2022-23 ਹਾੜ੍ਹੀ ਮੰਡੀਕਰਨ ਮੌਸਮ ਦੌਰਾਨ ਛੋਲਿਆਂ ਦੀ ਸਰਕਾਰੀ ਖ਼ਰੀਦ ਵਿੱਚ ਚਾਰ ਗੁਣਾ ਤੋਂ ਜ਼ਿਆਦਾ ਦਾ ਵਾਧਾ ਦੇਖਿਆ ਗਿਆ ਹੈ। ਮਸਰਾ ਦੇ ਮਾਮਲੇ ਵਿੱਚ, 2022-23 ਹਾੜ੍ਹੀ ਮੰਡੀਕਰਨ ਮੌਸਮ ਵਿੱਚ ਕੋਈ ਸਰਕਾਰੀ ਖ਼ਰੀਦ ਦਰਜ ਨਹੀਂ ਕੀਤੀ ਗਈ ਹੈ ਕਿਉਂਕਿ ਬਜ਼ਾਰ ਦੇ ਭਾਅ ਇਸਦੇ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਤੋਂ ਵੱਧ ਰਹੇ ਹਨ।

ਫ਼ੀਸਦੀ ਦੇ ਰੂਪ ਵਿੱਚ ਕੁੱਲ ਪੈਦਾਵਾਰ ਵਿੱਚ ਸਰਕਾਰੀ ਖ਼ਰੀਦ ਦਾ ਹਿੱਸਾ ਉੱਤਰ ਪ੍ਰਦੇਸ਼ ਵਿੱਚ 3.3% ਤੋਂ ਲੈ ਕੇ ਤੇਲੰਗਾਨਾ ਵਿੱਚ 28.7% ਤੱਕ ਸੀ। ਸੀ ਏ ਸੀ ਪੀ ਨੇ ਕਿਹਾ ਕਿ 2022-23 ਹਾੜ੍ਹੀ ਮੰਡੀਕਰਨ ਮੌਸਮ ਵਿੱਚ ਕੁੱਲ ਭਾਰਤੀ ਸਰਕਾਰੀ ਖ਼ਰੀਦ 19.3% ਦਰਜ ਕੀਤੀ ਗਈ ਹੈ, ਜਿਹੜੀ ਪੈਦਾਵਾਰ ਦੇ 25% ਦੀ ਮੌਜੂਦਾ ਖ਼ਰੀਦ ਸੀਮਾ ਤੋਂ ਬਹੁਤ ਘੱਟ ਹੈ।

ਸੀ ਏ ਸੀ ਪੀ ਦਾ ਕਹਿਣਾ ਹੈ ਕਿ 2022-23 ਹਾੜ੍ਹੀ ਮੰਡੀਕਰਨ ਮੌਸਮ ਦੌਰਾਨ 11.8 ਲੱਖ ਕਿਸਾਨਾਂ (30 ਜੂਨ, 2022 ਤੱਕ) ਤੋਂ ਦਾਲਾਂ ਦੀ ਸਰਕਾਰੀ ਖ਼ਰੀਦ ਕੀਤੀ ਗਈ ਹੈ, ਜਦੋਂ ਕਿ ਪਿਛਲੇ ਮੌਸਮ ਵਿੱਚ ਇਹ ਗਿਣਤੀ 4 ਲੱਖ ਸੀ। ਜਿਥੋਂ

ਤੱਕ ਛੋਲਿਆਂ ਦੀ ਸਰਕਾਰੀ ਖ਼ਰੀਦ ਦੀ ਗੱਲ ਹੈ, ਚਾਲੂ ਮੰਡੀਕਰਨ ਮੌਸਮ ਵਿੱਚ ਮਹਾਰਾਸ਼ਟਰ ਵਿੱਚ ਲਾਭਪਾਤਰੀਆਂ ਦੀ ਗਿਣਤੀ ਸਭ ਤੋਂ ਵੱਧ ਹੈ, ਇਸ ਤੋਂ ਬਾਅਦ ਗੁਜਰਾਤ ਅਤੇ ਮੱਧ ਪ੍ਰਦੇਸ਼ ਦੀ ਥਾਂ ਹੈ।

**ਮੁੱਖ ਉਤਪਾਦਕ ਰਾਜਾਂ ਵਿੱਚ ਛੋਲਿਆਂ ਅਤੇ ਮਸਰਾਂ ਦੀ ਖ਼ਰੀਦ (ਮੀਟ੍ਰਿਕ ਟਨ ਵਿੱਚ)**

| ਫ਼ਸਲ | ਰਾਜ | 2020-21 ਹਾੜ੍ਹੀ ਮੰਡੀਕਰਨ ਮੌਸਮ | 2021-22 ਹਾੜ੍ਹੀ ਮੰਡੀਕਰਨ ਮੌਸਮ | *2022-23 ਹਾੜ੍ਹੀ ਮੰਡੀਕਰਨ ਮੌਸਮ |
|---|---|---|---|---|
| ਛੋਲੇ | ਤੇਲੰਗਾਨਾ | 47,600 (23.9%) | 16,700 (7%) | 58,500 (28.7%) |
| | ਰਾਜਸਥਾਨ | 6,15,700 (23.2%) | 17,500 (0.8%) | 2,98,700 (12%) |
| | ਮਹਾਰਾਸ਼ਟਰ | 3,70,700 (16.6%) | 219,000 (9.1%) | 6,86,600 (22.1%) |
| | ਆਂਧਰਾ ਪ੍ਰਦੇਸ਼ | 1,27,900 (22.9%) | 10,100 (1.9%) | 71,800 (13.7%) |
| | ਮੱਧ ਪ੍ਰਦੇਸ਼ | 7,06,300 (25.9%) | 194,400 (6%) | 8,02,000 (24.8%) |
| | ਗੁਜਰਾਤ | 1,24,000 (19.5%) | 151,400 (11.8%) | 5,36,200 (25%) |
| | ਹਰਿਆਣਾ | 10,600 (22.5%) | 0 | 1,200 (3%) |
| | ਉੱਤਰ ਪ੍ਰਦੇਸ਼ | 38,500 (4.5%) | 0 | 25,900 (3.3) |

| | | | | |
|---|---|---|---|---|
| | ਕਰਨਾਟਕ | 1,01,800 (15.1%) | 22,000 (4.9%) | 73,800 (10.7%) |
| | ਕੁੱਲ ਭਾਰਤ | 21,43,300 (19.3%) | 6,31,200 (5.7%) | 25,54,700 (19.3%) |
| ਮਸਰ | ਮੱਧ ਪ੍ਰਦੇਸ਼ | 1,400 (0.5%) | 200 | 0 |
| | ਉੱਤਰ ਪ੍ਰਦੇਸ਼ | 0 | 0 | 0 |
| | ਕੁੱਲ ਭਾਰਤ | 1,400 (0.1%) | 200 (0%) | 0 |

[ਨੋਟ: *30 ਜੂਨ, 2022 ਨੂੰ

ਬਰੈਕਟ ਵਿੱਚ ਦਿੱਤੇ ਗਏ ਅੰਕੜੇ ਫ਼ੀਸਦੀ ਵਿੱਚ ਰਾਜ ਵਿੱਚ ਕੁੱਲ ਪੈਦਾਵਾਰ ਦੀ ਖ਼ਰੀਦ ਨੂੰ ਦਰਸਾਉਂਦੇ ਹਨ

**ਸ੍ਰੋਤ:** ਭਾਰਤੀ ਕੌਮੀ ਖੇਤੀਬਾੜੀ ਸਹਿਕਾਰੀ ਮੰਡੀਕਰਨ ਫੈਡਰੇਸ਼ਨ ਲਿਮਿਟੇਡ (ਨੈਫੇਡ)]

**2023-24 ਹਾੜ੍ਹੀ ਮੰਡੀਕਰਨ ਮੌਸਮ ਦਾ ਘੱਟੋ ਘੱਟ ਸਮਰਥਨ ਮੁੱਲ**

| **ਫ਼ਸਲ** | **2023-24 ਦੇ ਲਈ ਐਮ ਐਸ ਪੀ (ਰੁਪਏ/ਕੁਇੰਟਲ)** | **2022-23 ਦੇ ਲਈ ਐਮ ਐਸ ਪੀ (ਰੁਪਏ/ਕੁਇੰਟਲ)** | **ਵਾਧਾ (ਰੁਪਏ/ਕੁਇੰਟਲ)** | **ਵਾਧਾ ਫ਼ੀਸਦੀ ਵਿੱਚ** |
|---|---|---|---|---|
| ਛੋਲੇ | 5,335 | 5,230 | 105 | 2% |
| ਮਸਰ | 6,000 | 5,500 | 500 | 9.1% |